# Telephone conversation between Prime Minister and PM of Israel

April 03, 2020

…………………………………………………………………………………..

## ਪ੍ਰਧਾਨ ਮੰਤਰੀ ਅਤੇ ਇਜ਼ਰਾਈਲੀ ਪ੍ਰਧਾਨ ਮੰਤਰੀ ਵਿਚਾਲੇ ਹੋਈ ਟੈਲੀਫੋਨ 'ਤੇ ਗੱਲਬਾਤ

03 ਅਪ੍ਰੈਲ, 2020

ਪ੍ਰਧਾਨ ਮੰਤਰੀ ਨੇ ਅੱਜ ਇਜ਼ਰਾਈਲੀ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਬੈਂਜਾਮਿਨ ਨੇਤਨਯਾਹੂ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ।

ਦੋਨਾਂ ਆਗੂਆਂ ਨੇ ਵਰਤਮਾਨ ਕੋਵਿਡ-19 ਮਹਾਂਮਾਰੀ ਅਤੇ ਇਸ ਤੋਂ ਉਪਜੇ ਸਿਹਤ ਸੰਕਟ ਪ੍ਰਤੀ ਉਨ੍ਹਾਂ ਦੀਆਂ ਸਰਕਾਰਾਂ ਵੱਲੋਂ ਅਪਣਾਈਆਂ ਗਈਆਂ ਪ੍ਰਤੀਕ੍ਰਿਆ ਦੀਆਂ ਰਣਨੀਤੀਆਂ ਬਾਰੇ ਗੱਲਬਾਤ ਕੀਤੀ।

ਦੋਨਾਂ ਆਗੂਆਂ ਨੇ ਇਸ ਮਹਾਂਮਾਰੀ ਦੇ ਖ਼ਿਲਾਫ ਜੰਗ ਵਿੱਚ ਭਾਰਤ ਅਤੇ ਇਜ਼ਰਾਈਲ ਵਿਚਾਲੇ ਸੰਭਾਵਤ ਭਾਈਵਾਲੀ ਦੇ ਮੌਕੇ ਲੱਭਣ ਬਾਰੇ ਗੱਲ ਕੀਤੀ, ਜਿਸ ਅੰਦਰ ਦਵਾਈਆਂ ਦੀ ਉਪਲਬਧਤਾ ਵਿਚ ਸੁਧਾਰ ਕਰਨਾ ਅਤੇ ਉੱਚ ਤਕਨੀਕ ਦੀ ਨਵੀਨਤਾਕਾਰੀ ਵਰਤੋਂ ਕਰਨਾ ਸ਼ਾਮਲ ਹਨ। ਉਨ੍ਹਾਂ ਨੇ ਅਜਿਹੇ ਸਹਿਯੋਗ ਦੇ ਮੌਕੇ ਲੱਭਣ ਵਾਸਤੇ ਸੰਚਾਰ ਦਾ ਇੱਕ ਕੇਂਦਰਿਤ ਚੈਨਲ ਬਣਾਈ ਰੱਖਣ ਉੱਤੇ ਸਹਿਮਤੀ ਪ੍ਰਗਟਾਈ।

ਮਹਾਮਹਿਮ ਸ਼੍ਰੀ ਨੇਤਨਯਾਹੂ ਨੇ ਪ੍ਰਧਾਨ ਮੰਤਰੀ ਦੀ ਇਸ ਗੱਲ ਉੱਤੇ ਸਹਿਮਤੀ ਪ੍ਰਗਟਾਈ ਕਿ ਕੋਵਿਡ -19 ਮਹਾਂਮਾਰੀ ਅਜੋਕੇ ਇਤਿਹਾਸ 'ਚ ਇੱਕ ਮਹੱਤਵਪੂਰਣ ਮੋੜ ਹੈ ਅਤੇ ਇਹ ਸਮੁੱਚੀ ਮਨੁੱਖਤਾ ਦੇ ਸਾਂਝੇ ਹਿੱਤਾਂ ’ਤੇ ਕੇਂਦ੍ਰਿਤ ਭੂਮੰਡਲੀਕਰਣ ਦਾ ਨਵਾਂ ਦ੍ਰਿਸ਼ਟੀਕੋਣ ਘੜਨ ਦਾ ਮੌਕਾ ਦਿੰਦੀ ਹੈ।

ਨਵੀਂ ਦਿੱਲੀ
03 ਅਪ੍ਰੈਲ, 2020

DISCLAIMER : This is an approximate translation. The original is available in English on MEA’s website and may be referred to as the official press release.